ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁੱਰਖਿਆ ਵਿਭਾਗ,ਪੰਜਾਬ,
ਦਫ: ਵਣ ਮੰਡਲ ਅਫਸਰ,
ਨੇੜੇ ਪਿੰਡ ਉਸਮਾਨ ਸਹੀਦ, ਦਸੂਹਾ ਜਿਲ੍ਹਾ ਹੁਸਿਆਰਪੁਰ.
(ਫੋਨ ਨੰ: 01883-283007, ਈ-ਮੇਲ dfodasuya@gmail.com

ਸੇਵਾ ਵਿਖੇ,

ਨੋਡਲ ਅਫਸਰ, (ਐਫ.ਸੀ.ਏ)
ਵਣ ਭਵਨ, ਸੈਕਟਰ-68,
ਸਾਹਿਬਜਾਦਾ ਅਜੀਤ ਸਿੰਘ ਨਗਰ।

ਨੰਬਰ ਮਿਤੀ 12/05/2023

ਵਿਸਾ **Diversion of 0.4156 ha ( instead of 0.208 ha) for development of M/s Hill Side Concrete Plant at village Bringali H. B. No 610 Khasra No 83/3, 83/4 which is a delisted area of section 4 of PLPA 1900 Tehsil Mukerian Forest Division Dasuya and District Hoshiarpur .**

ਹਵਾਲਾ ਭਾਰਤ ਸਰਕਾਰ ਦਾ ਪੱਤਰ ਨੰਬਰ File No 9-PBB329/2022-CHA ਮਿਤੀ 17-11-2022

-*-

ਉਪਰੋਕਤ ਵਿਸੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਵਲੋ ਉਕਤ ਪ੍ਰੋਪੋਜਲ ਵਿੱਚ ਕੁਝ ਇਤਰਾਜ ਲਗਾਏ ਗਏ ਹਨ, ਜਿਹਨਾਂ ਨੂੰ ਦੂਰ ਕਰਨ ਉਪਰੰਤ ਲੋੜੀਦੇ ਦਸਤਾਵੇਜ ਆਨ ਲਾਈਨ ਪੋਰਟਲ ਤੇ ਅੱਪ ਲੋਡ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਦੀ ਹੈ

1. ਇਸ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਯੂਜਰ ਏਜੰਸੀ ਵਲੋ ਪਹਿਲਾ ਉਕਤ ਪ੍ਰੋਪੋਜਲ 0.208 ਹੈਕਟਰ ਦੀ ਅਪਲਾਈ ਕੀਤੀ ਗਈ ਸੀ, ਜੋ ਇਸ ਦਫਤਰ ਦੇ ਪੱਤਰ ਨੰਬਰ 650 ਮਿਤੀ 07-07-2021 ਰਾਂਹੀ ਪ੍ਰਵਾਨਗੀ ਲਈ ਆਪ ਜੀ ਨੂੰ ਭੇਜੀ ਗਈ ਸੀ, ਪਰੰਤੂ ਯੂਜਰ ਏਜੰਸੀ ਵਲੋ ਆਪਣੀ ਪ੍ਰਤੀ ਬੇਨਤੀ ਮਿਤੀ 21-09-2021 ਰਾਂਹੀ ਇਸ ਦਫਤਰ ਨੂੰ ਲਿਖਤੀ ਬੇਨਤੀ ਕੀਤੀ ਗਈ ਸੀ ਕਿ ਉਹਨਾਂ ਵਲੋ ਡਾਇਵਰਟ ਕਰਵਾਉਣ ਵਾਲੇ ਰਕਬੇ 0.208 ਹੈਕਟਰ ਰਕਬੇ ਦਾ ਸੀ.ਐਲ.ਯੂ ਕਰਵਾਉਣ ਲਈ ਸਬੰਧਤ ਵਿਭਾਗ ਪਾਸ ਅਪਲਾਈ ਕੀਤਾ ਗਿਆ ਸੀ, ਪਰੰਤੂ ਜਿਲ੍ਹਾ ਨਗਰ ਯੋਜਨਾਕਾਰ, ਹੁਸਿਆਰਪੁਰ ਵਲੋ ਇਤਜਾਰ ਲਗਾਇਆ ਗਿਆ ਹੈ ਕਿ ਉਹਨਾਂ ਦੇ ਵਿਭਾਗ ਦੀ ਗਾਈਡ ਲਾਈਨਜ ਅਨੂਸਾਰ ਸੀ.ਐਲ.ਯੂ ਲਈ ਘੱਟੋ- ਘੱਟ 0.40 ਹੈਕਟਰ ਰਕਬੇ ਦਾ ਜਾਂ ਇਸ ਤੋ ਵੱਧ ਹੋਣਾ ਚਾਹੀਦਾ ਹੈ। ਇਸ ਲਈ ਯੂਜਰ ਏਜੰਸੀ ਵਲੋ ਇਸ ਕੇਸ ਦਾ ਰਕਬਾ ਰਿਵਾਈਜਡ ਕਰ ਲਿਆ ਗਿਆ ਸੀ, ਰਿਵਾਇਜਡ ਰਕਬੇ ਅਨੁਸਾਰ ਉਕਤ ਪ੍ਰੋਪੋਜਲ ਵਿੱਚ 0.4156 ਹੈਕਟਰ ਰਕਬੇ ਦੇ ਸੋਧੇ ਹੋਏ ਦਸ਼ਾਵੇਜ ਆਨ ਲਾਈਨ ਪੋਰਟਲ ਤੇ ਅੱਪ ਲੋਡ ਕਰਨ ਉਪਰੰਤ ਇਸ ਦਫਤਰ ਦੇ ਪੱਤਰ ਨੰਬਰ 1315 ਮਿਤੀ 28-09-2021 ਰਾਂਹੀ ਆਪ ਜੀ ਨੂੰ ਬੇਨਤੀ ਕੀਤੀ ਗਈ ਸੀ ਕਿ ਸੋਧੇ ਹੋਏ ਰਕਬੇ ਅਨੁਸਾਰ 0.4156( Instead of 0.208ha) ਹੈਕਟਰ ਰਕਬੇ ਦੀ ਭਾਰਤ ਸਰਕਾਰ ਪਾਸੋ ਐਨੀ ਓ.ਸੀ ਪ੍ਰਾਪਤ ਕਰਨ ਦੀ ਖੇਚਲ ਕੀਤੀ ਜਾਵੇ ਜੀ। (ਯੂਜਰ ਏਜੰਸੀ ਵਲੋ ਹੁਣ ਮੁੜ ਦਿੱਤੀ ਗਈ ਲਿਖਤੀ ਬੇਨਤੀ ਆਨ ਲਾਈਨ ਪੋਰਟਲ ਵਿੱਚ ਅੱਪ ਲੋਡ ਕਰ ਦਿੱਤੀ ਗਈ ਹੈ।

,95/2023

2. ਪ੍ਰਦੂਸਨ ਕੰਟਰੋਲ ਬੋਰਡ ਦੀ ਐਨ.ਓ.ਸੀ ਯੂਜਰ ਏਜੰਸੀ ਪਾਸੋ ਪ੍ਰਾਪਤ ਕਰਨ ਉਪਰੰਤ ਆਨ ਲਾਈਨ ਪੋਰਟਲ ਵਿੱਚ ਅੱਪ ਲੋਡ ਕਰ ਦਿੱਤੀ ਗਈ ਹੈ।

3. ਸੀ.ਐਲ.ਯੂ ਸਬੰਧੀ ਸਰਟੀਫਿਕੇਟ ਆਨ ਲਾਈਨ ਪੋਰਟਲ ਵਿੱਚ ਅੱਪ ਲੋਡ ਕਰ ਦਿੱਤਾ ਗਿਆ ਹੈ।

4. ਕਾਰਜਕਾਰੀ ਇੰਜੀਨੀਅਰ, ਹੁਸਿਆਰਪੁਰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ ਹੁਸਿਆਰਪੁਰ ਜ.ਸ.ਵਿ, ਪੰਜਾਬ ਵਲੋ ਲਿਖਤੀ ਦਿੱਤਾ ਗਿਆ ਹੈ ਕਿ ਯੂਜਰ ਏਜੰਸੀ ਦੀ ਫਰਮ ਪੰਜਾਬ ਕਰੈਸਰ ਪਾਲਿਸੀ 2022 ਵਿੱਚ ਦਰਜ ਸਰਤਾਂ ਦੀ ਇੰਨਬਿੰਨ ਪਾਲਣਾ ਕਰਨ ਲਈ ਪਬੰਧ ਹੋਵੇਗਾ, ਜਿਸ ਨਾਲ ਇਸ ਵਿਭਾਗ ਨੂੰ ਕੋਈ ਇਤਰਾਜ ਨਹੀ ਹੋਵੇਗਾ। ਉਹਨਾਂ ਵਲੋ ਜਾਰੀ ਕੀਤਾ ਗਿਆ ਪੱਤਰ ਆਨ ਲਾਈਨ ਪੋਰਟਲ ਵਿੱਚ ਅੱਪ ਲੋਡ ਕਰ ਦਿੱਤਾ ਗਿਆ ਹੈ ਜੀ।

5. ਡੀ-ਲਿਸਟਡ ਏਰੀਆ ਦਾ ਨੋਟੀਫਿਕੇਸਨ ਆਨ ਲਾਈਨ ਪੋਰਟਲ ਵਿੱਚ ਅੱਪ ਲੋਡ ਕਰ ਦਿੱਤਾ ਗਿਆ ਹੈ।

6. ਕਾਰਜਕਾਰੀ ਇੰਜੀਨੀਅਰ, ਹੁਸਿਆਰਪੁਰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ ਹੁਸਿਆਰਪੁਰ ਜ.ਸ.ਵਿ, ਪੰਜਾਬ ਵਲੋ ਲਿਖਤੀ ਦਿੱਤਾ ਗਿਆ ਹੈ ਕਿ ਪ੍ਰਪੋਜਡ ਸਾਈਡ ਸੁਵਾਂ ਖੱਡ/ਬਿਰਿੰਗਲੀ ਖੱਡ ਦੇ ਕੰਡੇ ਤੋ 100 ਮੀਟਰ ਦੀ ਦੂਰੀ ਤੇ ਵੱਧ ਹੈ ਅਤੇ ਵਾਟਰ ਕੋਰਸ ਦੀ ਕੰਡੀਸਨ ਪੂਰੀ ਕਰਦਾ ਹੈ। ਉਹਨਾਂ ਵਲੋ ਜਾਰੀ ਕੀਤਾ ਗਿਆ ਪੱਤਰ ਆਨ ਲਾਈਨ ਪੋਰਟਲ ਵਿੱਚ ਅੱਪ ਲੋਡ ਕਰ ਦਿੱਤਾ ਗਿਆ ਹੈ ਜੀ।

Anjan Singh

DIVISIONAL FOREST OFFICER-DASUYA

12/05/2023

ਮਿਤੀ 12/05/2023

ਇਸ ਦੀ ਨਕਲ ਵਣ ਪਾਲ ਨਾਰਥ ਸਰਕਲ, ਪੰਜਾਬ ਹੁਸ਼ਿਆਰਪੁਰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

Anjan Singh

DIVISIONAL FOREST OFFICER-DASUYA

#ApprovedDate